# ਇਕੁਐਲਿਟੀ ਸਕਾਟਲੈਂਡ - ਬਜ਼ੁਰਗ ਲੋਕਾਂ ਲਈ ਹਾਊਸਿੰਗ
# (Equality Scotland - Housing for Older People)

**PUNJABI**

ਐਵਾਰਡ ਅਤੇ ਫੰਡਿੰਗ ਪ੍ਰਾਪਤ

# ਸੂਚਨਾ ਪੱਤਰ

ਇਹ ਸੂਚਨਾ ਪੱਤਰ ਚਾਈਨੀਜ਼, ਅੰਗ੍ਰੇਜ਼ੀ, ਹਿੰਦੀ, ਤੇ ਉਰਦੂ ਵਿੱਚ ਵੀ ਉਪਲਬਧ ਹੈ

ਅੰਕ 14
ਜੁਲਾਈ 2007

**ਅੰਦਰ...**

ਐਵਾਰਡ
ਜੌਬ ਓਪਰਚਿਊਨਿਟੀਜ਼ ਪ੍ਰੋਜੈਕਟ
ਹੈਪੀ ਟੂ ਟਰਾਂਸਲੇਟ
ਪੈਂਸ਼ਨ ਲਾਭ
ਸਮਾਗਮ

## ਟੈਨੰਟ ਪਾਰਟੀਸਿਪੇਸ਼ਨ ਐਡਵਾਇਜ਼ਰੀ ਸਰਵਿਸ ਐਵਾਰਡ

ਐਸੋਸੀਏਸ਼ਨ ਦੇ ਇਕੁਅਲ ਔਪਰਚਿਊਨਿਟੀਜ਼ ਪ੍ਰੋਗਰਾਮ ਨੇ ਟੈਨੰਟ ਪਾਰਟੀਸਿਪੇਸ਼ਨ ਐਡਵਾਇਜ਼ਰੀ ਸਰਵਿਸ (TPAS) ਸਕਾਟਲੈਂਡ ਤੋਂ ਪਾਰਟੀਸ਼ਿਪੇਸ਼ਨ ਵਿਧ ਡਿਫੀਕਲਟ ਟੂ ਰੀਚ ਗਰੁੱਪ **(`Participation with Difficult to Reach Groups`)** ਦੀ ਸ਼੍ਰੇਣੀ ਵਿੱਚ ਗੁਡ ਪ੍ਰੈਕਟਿਸ ਪਾਰਟੀਸਿਪੇਸ਼ਨ ਐਵਾਰਡ ਜਿੱਤਿਆ ਹੈ।

ਅਸੀਂ ਇਹ ਐਵਾਰਡ ਪ੍ਰਾਪਤ ਕਰਕੇ ਖੁਸ਼ ਹਾਂ ਜੋ ਕਿ ਸਾਡੇ ਔਖੇ ਕੰਮਾਂ ਦੀ ਪਛਾਣ ਕਰਦਾ ਹੈ ਜੋ ਅਸੀਂ ਬਲੈਕ ਅਤੇ ਘੱਟ-ਗਿਣਤੀ ਨਸਲੀ ਸਮੂਹਾਂ ਦੇ ਬਜ਼ੁਰਗ ਲੋਕਾਂ ਲਈ ਮੌਕੇ ਖੋਲਣ ਵਿੱਚ ਅਤੇ ਉਹਨਾਂ ਨੂੰ ਆਪਣੇ ਵਿਚਾਰ ਰਖਣ ਲਈ ਆਵਾਜ਼ ਅਤੇ ਮੰਚ ਦੇਣ ਵਿੱਚ ਕੀਤੇ ਹਨ।



Aisha Nadeem and Rohini Sharma Joshi receiving award.

## ਹੈਪੀ ਟੂ ਟਰਾਂਸਲੇਟ ਲੋਗੋ ਫੰਡਿੰਗ

ਸਕੌਟਿਸ਼ ਐਗਜ਼ੈਕਟਿਵ ਨੇ ਐਸੋਸੀਏਸ਼ਨ ਨੂੰ ਹੈਪੀ ਟੂ ਟਰਾਂਸਲੇਟ ਪ੍ਰੋਜੈਕਟ ਦੇ ਸਹਿਯੋਗ ਲਈ £51,562 ਇਨਾਮ ਦਿੱਤਾ ਹੈ। ਇਹ ਪੁਲਨੁਮਾ ਫਾਇਨੈਂਸ ਪ੍ਰੋਜੈਕਟ ਨੂੰ ਸਹਿਯੋਗ ਕਰੇਗਾ ਜਦੋਂ ਤਕ ਉਹ ਸਵੈ-ਫੰਡਿੰਗ ਪੱਧਰ ਉਤੇ ਨਹੀਂ ਪੁੱਜ ਜਾਂਦਾ। ਐਸੋਸੀਏਸ਼ਨ ਸਕੌਟਿਸ਼ ਐਗਜ਼ੈਕਟਿਵ, ਇਕੁਐਲਿਟੀ ਯੂਨਿਟ, ਦੀ ਉਹਨਾ ਦੇ ਲਗਾਤਾਰ ਸਹਿਯੋਗ ਲਈ ਧੰਨਵਾਦੀ ਹੈ।

Trust Housing Association Ltd
HANOVER SCOTLAND
BIELD INDEPENDENCE FOR OLDER PEOPLE

## ਜੌਬ ਔਪਰਚਿਊਨਿਟੀਜ਼ ਪ੍ਰੋਜੈਕਟ

ਜੌਬ ਔਪਰਚਿਊਨਿਟੀਜ਼ ਪ੍ਰੋਜੈਕਟ ਨੇ ਮਹੱਤਵਪੂਰਨ ਤਰੱਕੀ ਕੀਤੀ ਹੈ ਅਤੇ ਹੁਣ ਤਕ 154 ਲੋਕਾਂ ਨੂੰ ਵੇਖਿਆ ਅਤੇ ਮੁਲਾਂਕਣ ਕੀਤਾ ਜਾ ਚੁਕਾ ਹੈ, ਜਿਸ ਦੇ ਨਤੀਜੇ ਵਜੋਂ 14 ਨੇ ਔਹਦਾ ਹਾਸਿਲ ਕੀਤਾ ਹੈ। ਅਸੀਂ ਕੰਮ ਨੂੰ ਜਾਰੀ ਰਖਾਂਗੇ, ਜਿਸ ਵਿੱਚ ਸ਼ਾਮਲ ਹੈ ਕਿ ਜਿੱਥੇ ਤਕ ਜ਼ਰੂਰੀ ਹੋਵੇ ਗ੍ਰਾਹਕ ਵਾਸਤੇ ਬਾਹਰਲੀ ਏਜੰਸੀਆਂ ਤੋਂ ਵਿਸ਼ੇਸ਼ ਮਦਦ ਦਿਲਵਾਉਣਾ। ਵੱਖ-ਵੱਖ ਵਰਕਸ਼ਾਪਾਂ ਰਾਹੀ, **ਕੈਰੀਅਰਸ ਸਕਾਟਲੈਂਡ ਐਂਡ ਸਿਟੀ ਆਫ ਐਡਿੰਬਰਾ ਕੌਂਸਲ ਦੀ ਸਾਂਝੇਦਾਰੀ ਦੇ ਨਾਲ** ਹੋਰ ਵੀ ਸਹਿਯੋਗ ਪ੍ਰਦਾਨ ਕੀਤਾ ਗਿਆ ਹੈ।

ਸਾਨੂੰ ਇਹ ਦੱਸਣ ਵਿੱਚ ਖੁਸ਼ੀ ਹੈ ਕਿ ਚਾਰ ਲੋਕਾਂ ਨੇ ਸਫਲਤਾਪੂਰਵਕ ਵਰਕ ਪਲੇਸਮੈਂਟ ਪੂਰਾ ਕਰ ਲਿਆ ਹੈ, ਉਹਨਾਂ ਨੂੰ ਸਥਾਈ ਨੌਕਰੀਆਂ ਲਈ ਅਰਜ਼ੀ ਭਰਨ ਲਈ ਜ਼ਿਆਦਾ ਵਿਸ਼ਵਾਸ ਦੇ ਕੇ। ਪਲੇਸਮੈਂਟ ਪ੍ਰੋਵਾਈਡਰ ਸਨः **ਸਟੀਵੈਨਸਨ ਕੌਲੇਜ, ਹਾਨੋਵਰ (ਸਕਾਟਲੈਂਡ) ਹਾਊਸਿੰਗ ਐਸੋਸੀਏਸ਼ਨ, ਬੀਲਡ ਹਾਊਸਿੰਗ ਐਸੋਸੀਏਸ਼ਨ ਅਤੇ ਪਰੋਕੁਰੇਟਰ ਫਿਸਕਲ।**

ਨਵੇਂ ਪਲੇਸਮੈਂਟ ਪ੍ਰੋਵਾਈਡਰ ਹਨः **ਲੋਧਿਅਨ ਐਂਡ ਬਾਰਡਰਸ ਪੁਲਿਸ, ਟਰਸਟ ਹਾਊਸਿੰਗ ਐਸੋਸੀਏਸ਼ਨ, ਪੋਰਟ ਆਫ ਲੀਥ ਹਾਊਸਿੰਗ ਐਸੋਸੀਏਸ਼ਨ ਅਤੇ ਮੇਲਵਿਲੇ ਹਾਊਸਿੰਗ ਐਸੋਸੀਏਸ਼ਨ।**

ਫੰਡ ਕਰਨ ਵਾਲਿਆਂ ਲਈ ਸਾਲਾਨਾ ਰਿਪੋਰਟ ਤਿਆਰ ਕੀਤੀ ਗਈ, ਜਿਸ ਵਿੱਚ ਹੁਣ ਤੱਕ ਦੀਆਂ ਰੁਕਾਵਟਾਂ, ਸਹਿਯੋਗ ਕਾਰਜ਼ਾਂ, ਨਤੀਜਿਆਂ ਅਤੇ ਹੁਣ ਤਕ ਦੀਆਂ ਪ੍ਰਾਪਤੀਆਂ ਤੇ ਰੋਸ਼ਨੀ ਪਾਈ ਗਈ। ਇਸ ਤੋਂ ਬਾਅਦ ਪਰਤੀ ਸੂਚਣਾ ਪ੍ਰਾਪਤ ਕਰਨ ਲਈ ਇੱਕ ਗਾਹਕ ਸਰਵੇਖਣ ਕੀਤਾ ਗਿਆ। ਇਸ ਦਾ ਪ੍ਰਤੀਕਰਮ ਬਹੁਤ ਸਕਾਰਾਤਮਕ ਸੀ ਅਤੇ ਅਸੀਂ ਨੇੜਲੇ ਭਵਿੱਖ ਵਿੱਚ ਇਸ ਦੀਆਂ ਲੱਭਤਾਂ ਨੂੰ ਪੇਸ਼ ਕਰਾਂਗੇ।

## ਮਿਡਲੋਟਹਿਐਨ ਜੌਬ ਫੇਅਰ

ਅਸੀਂ **ਐਤਵਾਰ 25 ਮਾਰਚ 2007** ਨੂੰ, ਆਸ-ਪਾਸ ਦੇ ਇਲਾਕੇ ਦੀਆਂ ਸਮੂਹਾਂ ਤਕ ਪਹੁੰਚ ਕਰਨ ਲਈ **ਮਿਡਲੋਟਹਿਐਨ ਵਿੱਚ** ਇੱਕ **ਜੌਬ ਫੇਅਰ** ਕੀਤਾ।

ਪ੍ਰਦਰਸ਼ਨੀ ਲਾਉਣ ਵਾਲਿਆਂ ਵਿੱਚ ਸ਼ਾਮਲ ਸਨः **ਲੋਧਿਅਨ ਐਂਡ ਬਾਰਡਰ ਫਾਇਰ ਐਂਡ ਰੈਸਕਿਊ ਸਰਵਿਸ, ਮਿਡਲੋਧਿਅਨ ਕੌਂਸਲ, ਲਿੰਕ ਗਰੁੱਪ, ਕੈਰੀਅਰਸ ਸਕਾਟਲੈਂਡ, ਅਤੇ ਲੋਧਿਅਨ ਐਂਡ ਬਾਰਡਰ ਪੁਲਿਸ, ਈਸਟ ਲੋਧਿਅਨ ਕੌਂਸਲ, ਬੀਲਡ ਹਾਊਸਿੰਗ ਐਸੋਸੀਏਸ਼ਨ ਅਤੇ ਕੰਸਟਰਕਸ਼ਨ ਸਕਿਲਸ।**

ਸਾਰੀਆਂ ਸੰਸਥਾਵਾਂ ਨੂੰ ਉਹਨਾਂ ਦੀ ਵਚਨਬੱਧਤਾ ਅਤੇ ਪ੍ਰੋਜੈਕਟ ਦੇ ਸਹਿਯੋਗ ਲਈ ਬਹੁਤ ਧੰਨਵਾਦ, ਜਿਸ ਨੂੰ ਕਮਿਊਨਿਟੀਜ਼ ਸਕਾਟਲੈਂਡ ਅਤੇ ਕੈਪੀਟਲ ਸਿਟੀ ਪਾਰਟਨਰਸ਼ਿਪ ਵਲੋਂ ਫੰਡ ਕੀਤਾ ਗਿਆ ਹੈ।

HAPPY TO **TRANSLATE**

ਸਾਨੂੰ ਇਹ ਐਲਾਨ ਕਰਦਿਆਂ ਖੁਸ਼ੀ ਹੈ ਕਿ 'ਹੈਪੀ ਟੂ ਟਰਾਂਸਲੇਟ' ਲੋਗੋ ਉਦਮ ਨੇ ਆਪਣਾ ਸਾਲ ਭਰ ਦਾ ਪਾਇਲਟ ਚਰਨ ਸਫਲਤਾ ਪੂਰਵਕ ਪੂਰਾ ਕਰ ਲਿਆ ਹੈ। ਅਸੀਂ ਆਪਣੀਆਂ ਸਾਰੀਆਂ 12 ਪਾਇਲਟ ਸੰਸਥਾਵਾਂ ਦਾ ਉਨਾਂ ਦੀ ਸ਼ਮੂਲੀਅਤ ਅਤੇ ਹਿੱਸੇਦਾਰੀ ਲਈ, ਧੰਨਵਾਦ ਕਰਨਾ ਚਾਹਾਂਗੇ, ਨਾਲ ਹੀ ਸਕੌਟਿਸ਼ ਐਗਜ਼ੈਕਟਿਵ ਅਤੇ ਕਮਿਊਨਿਟੀਜ਼ ਸਕਾਟਲੈਂਡ ਦੇ ਫੰਡਿੰਗ ਸੁਪੋਰਟ ਲਈ।

'ਹੈਪੀ ਟੂ ਟਰਾਂਸਲੇਟ' ਨੂੰ ਹੁਣ ਪੂਰੇ ਕੰਮ ਕਰਦੇ ਉਦਮ ਵਜੋਂ ਸ਼ੁਰੂ ਕਰ ਦਿੱਤਾ ਗਿਆ ਹੈ। ਹਾਲ ਹੀ ਦੇ ਮੈਂਬਰਾਂ ਵਿੱਚ ਹੇਠ ਲਿਖੀਆਂ ਸੰਸਥਾਵਾਂ ਸ਼ਾਮਲ ਹਨ:

**ਬੀਲਡ ਹਾਊਸਿੰਗ ਐਸੋਸੀਏਸ਼ਨ**
**ਸਿਟੀ ਆਫ ਐਡਿੰਬਰਾ ਕੌਂਸਲ**
**ਕਰਾਊਨ ਆਫਿਸ ਪਰੋਕਿਊਰੇਟਰ ਫਿਸਕਲ ਸਰਵਿਸ**
**ਗਲਾਸਗੋ ਹਾਊਸਿੰਗ ਐਸੋਸੀਏਸ਼ਨ**
**ਗੋਵਨਹਿਲ ਹਾਊਸਿੰਗ ਐਸੋਸੀਏਸ਼ਨ**
**ਹਾਨੋਵਰ (ਸਕਾਟਲੈਂਡ) ਹਾਊਸਿੰਗ ਐਸੋਸੀਏਸ਼ਨ**
**ਲੋਧਿਅਨਸ ਅਤੇ ਬਾਰਡਰ ਪੁਲਿਸ**
**ਮੌਰੇ ਕੌਂਸਲ**
**NHS ਲੋਧਿਅਨਸ**
**ਸਕਾਟਿਸ਼ ਰਿਫੂਜੀ ਕੌਂਸਲ**
**ਟਰਸਟ ਹਾਊਸਿੰਗ ਐਸੋਸੀਏਸ਼ਨ**

ਨਾਲ ਹੀ ਅਸੀਂ ਨਵੀਂ ਸੰਸਥਾਵਾਂ ਦਾ ਸੁਆਗਤ ਕਰਨਾ ਚਾਹਾਂਗੇ:

**ਟੇਅਸਾਈਡ ਫਾਇਰ ਅਤੇ ਰੈਸਕਿਯੂ ਸਰਵਿਸ**
**ਸਕੌਟਿਸ਼ ਪਰੀਸਨ ਸਰਵਿਸ**
**ਸਾਊਥਸਾਈਡ ਹਾਊਸਿੰਗ ਐਸੋਸੀਏਸ਼ਨ**

ਜੇ ਤੁਹਾਡੀ ਸੰਸਥਾ ਮੈਂਬਰਸ਼ਿਪ ਲਈ ਅਰਜ਼ੀ ਭਰਨ ਲਈ ਜਾਣਕਾਰੀ ਪ੍ਰਾਪਤ ਕਰਨਾ ਚਾਹੇ, ਕਿਰਪਾ ਕਰਕੇ 'ਹੈਪੀ ਟੂ ਟਰਾਂਸਲੇਟ' ਲੋਗੋ ਟੀਮ ਨੂੰ 0131 444 4950 ਜਾਂ info@happytotranslate.com ਉਤੇ ਸੰਪਰਕ ਕਰੋ।

## ਪੈਨਸ਼ਨ ਬੈਨਿਫਿਟ ਆਊਟਰੀਚ ਪ੍ਰੋਜੈਕਟ

ਇਹ ਪ੍ਰੋਜੈਕਟ ਬਹੁਤ ਸਫਲਤਾਪੂਰਨ ਨਤੀਜਾ ਦੇਣ ਤੋਂ ਬਾਅਦ ਹੁਣ ਖਤਮ ਹੋ ਚੁੱਕਾ ਹੈ। ਅਸੀਂ ਇੱਕ ਰਿਪੋਰਟ ਤਿਆਰ ਕੀਤੀ **"Just for the Record"** ਜਿਸ ਵਿੱਚ ਪ੍ਰੋਜੈਕਟ ਦੀਆਂ ਗਤੀਵਿਧੀਆਂ, ਸਫਲਤਾਵਾਂ, ਅਤੇ ਨਤੀਜਿਆਂ ਨੂੰ ਅਤੇ ਨਾਲ ਹੀ ਬਾਕੀ ਰਹਿੰਦੀਆਂ ਰੁਕਾਵਟਾਂ ਤੇ ਰੋਸ਼ਨੀ ਪਾਈ ਗਈ।

60+ ਲਈ ਪੈਨਸ਼ਨ ਬੈਨਿਫਿਟ ਗਾਈਡ ਨੂੰ ਅਪ੍ਰੈਲ 2007 ਤੋਂ ਨਵੇਂ ਬੈਨਿਫਿਟ ਯੋਗਤਾਵਾਂ ਨਾਲ ਮੁੜ ਉਸਾਰਿਆਂ ਗਿਆ ਹੈ। ਗਾਈਡ ਦੀ ਅੰਗ੍ਰੇਜ਼ੀ, ਅਰਬੀ, ਕੈਨਟੋਨੀਜ਼, ਬੰਗਾਲੀ, ਹਿੰਦੀ, ਪੰਜਾਬੀ ਅਤੇ ਉਰਦੂ ਵਿੱਚ ਕਾਪੀ ਲਈ ਕਿਰਪਾ ਕਰਕੇ 0131 444 4942 ਨੰਬਰ ਤੇ ਫੋਨ ਕਰੋ।

ਪ੍ਰੋਜੈਕਟ ਕੇਵਲ ਆਮਦਨ ਨੂੰ ਅਧਿਕਤਮ ਤਕ ਕਰਨ ਤੋਂ ਵੱਧ ਸੀ। ਇਸ ਦਾ ਮੰਤਵ ਇਹ ਵੀ ਸੀ ਕਿ BME ਬਜ਼ੁਰਗ ਲੋਕਾਂ ਅਤੇ ਸੇਵਾਵਾਂ ਵਿੱਚ ਪਹੁੰਚ ਦੇ ਅੰਤਰ ਨੂੰ ਪੂਰਾ ਕੀਤਾ ਜਾਵੇ, ਉਹਨਾਂ ਨੂੰ ਲੋੜੀਂਦਾ ਗਿਆਨ ਅਤੇ ਮੁੱਢਲੇ ਜੰਤਰ ਨੂੰ ਪ੍ਰਦਾਨ ਕਰਕੇ ਉਹਨਾਂ ਦੀ ਇਹ ਲੱਭਣ ਵਿੱਚ ਮਦਦ ਕਰਕੇ ਕਿ ਉਹਨਾਂ ਨੂੰ ਕੀ ਸੇਵਾਵਾਂ ਉਪਲਭਧ ਹਨ। ਅਸੀਂ ਕਈ BME ਬਜ਼ੁਰਗ ਲੋਕਾਂ ਦੀ ਸੇਵਾਵਾਂ ਤਕ ਪਹੁੰਚ ਕਰਵਾਈ ਜਿਵੇਂ ਕਿ ਕੇਅਰ ਐਂਡ ਰਿਪੇਅਰ, ਸਮਾਜਕ ਸੇਵਾਵਾਂ ਅਤੇ ਹੋਰ ਸਰਵਿਸ ਪ੍ਰੋਵਾਈਡਰ।




ਹਾਲਾਂਕਿ, ਕਈ ਬਜ਼ੁਰਗ ਲੋਕ ਅਜੇ ਵੀ ਆਪਣੇ ਯੋਗਤਾਵਾਂ ਬਾਰੇ ਨਿਸ਼ਚਿਤ ਨਹੀਂ ਹਨ ਅਤੇ ਇਸ ਕਰਕੇ ਬਹੁਤ ਸਾਰੀ ਸਹਾਇਤਾ ਗੁਆ ਬੈਠਦੇ ਹਨ। ਦੁਰਭਾਗਵਸ਼, ਫੰਡਿੰਗ ਅਤੇ ਸਮੇਂ ਦੀ ਮੁਸ਼ਕਿਲਾਂ ਕਾਰਣ, ਪ੍ਰੋਜੈਕਟ ਕੇਵਲ ਇਸ ਇਲਾਕੇ ਦੀਆਂ ਮੁਸ਼ਕਿਲਾਂ ਦੇ ਤਲੇ ਨੂੰ ਹੀ ਛੋਹ ਸਕਿਆ ਹੈ। ਅਸੀਂ ਬਹੁਤ ਪ੍ਰਮਾਣ ਇੱਕਠਾ ਕੀਤਾ ਕਿ ਬਜ਼ੁਰਗ BME ਲੋਕਾਂ ਦੀਆਂ ਮੁਸ਼ਕਿਲਾਂ ਨੂੰ ਖਤਮ ਕਰਨ ਲਈ ਹੋਰ ਬਹੁਤ ਕੰਮ ਕਰਨ ਦੀ ਲੋੜ ਹੈ।

ਦੋਵੇਂ ਪ੍ਰਕਾਸ਼ਨਾਵਾਂ ਦੀਆਂ ਕਾਪੀਆਂ ਉਤੇ ਪਹੁੰਚ ਲਈ ਸਾਡੀ ਵੈਬਸਾਈਟ EqualityScotland.com ਉਤੇ ਜਾਓ

## ਅਫਰੀਕਾ ਸੈਂਟਰ ਸਕਾਟਲੈਂਡ



ਐਸੋਸੀਏਸ਼ਨਜ਼ "ਇਕੁਅਲ ਔਪਰਚਿਊਨਿਟੀਜ਼ ਪ੍ਰੋਗਰਾਮ" ਨੇ ਅਫਰੀਕਾ ਸੈਂਟਰ ਦੀ ਸਾਂਝੇਦਾਰੀ ਦੇ ਨਾਲ ਐਡਿੰਬਰਾ ਵਿੱਚ 3 ਮਾਰਚ 07 ਨੂੰ ਇੱਕ ਜਾਣਕਾਰੀ ਸਮਾਗਮ ਆਯੋਜਿਤ ਅਤੇ ਸਪੌਂਸਰ ਕੀਤਾ। ਸਮਾਗਮ ਵਿੱਚ ਹਰੇਕ ਉਮਰ ਵਾਲਿਆਂ ਨੇ ਹਾਜ਼ਰੀ ਭਰੀ। ਇੱਕ ਸਰਵੇਖਣ ਕੀਤਾ ਗਿਆ ਅਤੇ ਫੋਕਸ ਗਰੁੱਪ ਹੋਏ ਅਫਰੀਕਨ ਸੰਪਰਦਾਵਾਂ ਨੂੰ ਸੇਵਾਵਾਂ ਵਿੱਚ ਪਹੁੰਚ ਕਰਨ ਵਿੱਚ ਦਰਪੇਸ਼ ਰੁਕਾਵਟਾਂ ਬਾਰੇ ਚਰਚਾ ਕੀਤੀ ਗਈ।

ਸਰਵੇਖਣ ਅਤੇ ਫੋਕਸ ਗਰੁੱਪ ਦੀਆਂ ਲੱਭਤਾਂ ਉਤੇ ਇੱਕ ਰਿਪੋਰਟ ਤਿਆਰ ਕੀਤੀ ਜਾਵੇਗੀ, ਜੋ ਅਫਰੀਕਨ ਸੰਪਰਦਾਵਾਂ ਦੀਆਂ ਲੋੜਾਂ ਨੂੰ ਪੇਸ਼ ਕਰੇਗੀ।

ਸਮਾਗਮ ਆਯੋਜਿਤ ਕਰਨ ਲਈ ਅਫਰੀਕਾ ਸੈਂਟਰ ਦੇ Francis ਅਤੇ Celina ਦੀ ਕਰੜੀ ਮਿਹਨਤ ਲਈ ਬਹੁਤ ਧੰਨਵਾਦ।

## ਐਬਰਦੀਨ ਜੌਬ ਫੇਅਰ




ਐਸੋਸੀਏਸ਼ਨਸ, ਸਕੌਟਿਸ਼ ਫੈਡਰੇਸ਼ਨ ਆਫ ਹਾਊਸਿੰਗ ਐਸੋਸੀਏਸ਼ਨ ਅਤੇ ਸਕਾਟਲੈਂਡ ਵਿੱਚ ਚਾਰਟਡ ਇੰਸਟਿਚਿਊਟ ਆਫ ਹਾਊਸਿੰਗ ਦੀ ਸਾਂਝੇਦਾਰੀ ਨਾਲ ਚੌਥੇ ਜੌਬ ਔਪਰਚਿਊਨਿਟੀਜ਼ ਮੇਲੇ ਦਾ ਆਯੋਜਨ ਕੀਤਾ ਗਿਆ। ਇਹ ਸਮਾਗਮ ਮਿਊਜ਼ਿਕ ਹਾਲ ਵਿੱਚ ਹੋਇਆ ਅਤੇ ਇਸਦਾ ਉਦਘਾਟਨ Cllr. Saluja ਨੇ ਕੀਤਾ। ਅਸੀਂ ਸਕੌਟਿਸ਼ ਪਾਰਲੀਆਮੈਂਟ ਅਤੇ ਕਮਿਊਨਿਟੀਜ਼ ਸਕਾਟਲੈਂਡ ਦਾ ਸਮਾਗਮ ਨੂੰ ਸਰਪਰਸਤੀ ਲਈ ਆਭਾਰ ਪ੍ਰਗਟ ਕਰਦੇ ਹਾਂ।

ਮਾਲਕਾ ਨੂੰ ਉਹਨਾਂ ਦੀਆ ਸੰਸਥਾਵਾਂ ਵਿੱਚ ਮੌਕਿਆਂ ਉਤੇ ਪੂਰਣ-ਪ੍ਰਭਾਵਸ਼ਾਲੀ ਪਹੁੰਚ ਵਿਖਾਉਣ, ਇੱਕ ਪ੍ਰਦਰਸ਼ਕ ਅਤੇ ਸਕਾਟਲੈਂਡ ਦੀ BME ਸੰਪਰਦਾਵਾਂ ਵਿੱਚ ਅਪਣਾ ਰੁਤਬਾ ਉਚਾ ਕਰਨ ਲਈ ਉਤਸਾਹਿਤ ਕੀਤਾ ਗਿਆ।








**EDINBURGH**

Trust HA
12 New Mart Road
Edinburgh EH14 1RL
Tel 0131 444 1200
www.trustha.org.uk

Hanover (Scotland) HA
95 McDonald Road
Edinburgh EH7 4NS
Tel 0131 557 0598
www.hsha.org.uk

Bield HA
79 Hopetoun Street
Edinburgh EH7 4QF
Tel 0131 273 4000
www.bield.co.uk

**GLASGOW**

Trust HA
25 Park Circus
Glasgow G3 6AP
Tel 0141 341 3200
www.trustha.org.uk

Hanover (Scotland) HA
5 Newton Place
Glasgow G3 7PR
Tel 0141 353 1353
www.hsha.org.uk

Bield HA
12 Somerset Place
Glasgow G3 7JT
Tel 0141 270 7200
www.bield.co.uk

## ਇਕੁਐਲਿਟੀ ਸਕਾਟਲੈਂਡ ਵੈਬਸਾਈਟ

ਅਸੀਂ ਵੈਬਸਾਈਟ ਨੂੰ ਨਵੀਆਂ ਪ੍ਰਕਾਸ਼ਨਾਵਾਂ, ਸਮਾਗਮਾਂ, ਪ੍ਰੋਜੈਕਟਾਂ ਅਤੇ ਜਾਣਕਾਰੀ ਨਾਲ ਵਧਾਉਂਦੇ ਰਹਿੰਦੇ ਹਾਂ। ਹਾਲਾਂਕਿ, ਅਸੀਂ ਤੁਹਾਡੇ ਸੁਝਾਅ ਦਾ ਮੁੱਲ ਪਾਉਂਦੇ ਹਾਂ ਅਤੇ ਤੁਹਾਨੂੰ ਉਤਸ਼ਾਹਿਤ ਕਰਦੇ ਹਾਂ ਕਿ ਸਾਨੂੰ ਆਪਣੀਆਂ ਟਿਪਣੀਆਂ ਭੇਜਣਾ ਜਾਰੀ ਰਖੋ।

ਟਰਸਟ, ਹਾਨੋਵਰ ਅਤੇ ਬੀਅਲਡ ਹਾਊਸਿੰਗ ਐਸੋਸੀਏਸ਼ਨ ਨੂੰ ਮੁਬਾਰਕ ਦੇਣੀ ਚਾਹੀਦੀ ਹੈ ਉਹਨਾਂ ਦੇ ਬਰਾਬਰਤਾ ਨੂੰ ਬੜਾਵਾ ਦੇਣ ਦੇ ਕੰਮ ਲਈ, ਖਾਸ ਕਰ ਉਹਨਾਂ ਦੀ ਨਵੀਂ ਵੈਬਸਾਈਟ EqualityScotland.com ਲਈ। ਇਹ ਸਾਡੀ ਵਰਗੀ ਸੰਸਥਾ ਲਈ ਬਹੁਤ ਮਦਦਗਾਰ ਵੈਬਸਾਈਟ ਹੈ, ਸਾਡੇ ਯੂਜ਼ਰਸ ਲਈ ਹਾਊਸਿੰਗ ਅਤੇ ਭਰਤੀ ਬਾਰੇ ਜਾਣਕਾਰੀ ਲੱਭਣ ਲਈ ਅਤੇ ਉਹਨਾਂ ਨੂੰ ਵਾਜਿਬ ਸੇਵਾਵਾਂ ਲਈ ਵੱਲ ਨਿਰਦੇਸ਼ ਕਰਨ ਲਈ। Nina Giles, ਡਾਇਰੈਕਟਰ, ਐਡਿੰਬਰਾ ਅਤੇ ਲੋਟਹਿਐਨਸ ਰੇਸ਼ਿਅਲ ਇਕੁਐਲਿਟੀ ਕੌਂਸਲ।

## ਸੰਚਾਰ ਕਾਰਜਨੀਤੀ

ਇਕੁਐਲਿਟੀ ਸਕਾਟਲੈਂਡ ਵੈਬਸਾਈਟ ਉਤੇ ਹੁਣ ਅੰਕ 2 ਉਪਲਬਧ ਹੈ।

## ਸੁਆਗਤ



ਅਸੀਂ Tony Fyanka ਦਾ ਸੁਆਗਤ ਕਰਦੇ ਹਾਂ - "ਹੈਪੀ ਟੂ ਟਰਾਂਸਲੇਟ" ਲੋਗੋ ਐਡਮਿਨਿਸਟਰੇਟਰ, ਜਿਸਨੇ ਮੈਟਰਨਿਟੀ ਲੀਵ ਨੂੰ ਕਵਰ ਕਰਨ ਲਈ ਇਕੁਅਲ ਔਪਰਚਿਊਨਿਟੀਜ਼ ਟੀਮ ਵਿੱਚ ਪ੍ਰਵੇਸ਼ ਕੀਤਾ ਹੈ।

## ਮੁਬਾਰਕਬਾਦ!




Tamiko ਅਤੇ Andrew ਨੂੰ ਸੁੰਦਰ ਪੁੱਤਰੀ ਦੇ ਪੈਦਾ ਹੋਣ ਉਤੇ ਮੁਬਾਰਕਬਾਦ!

## ਵਿਦਾਇਗੀ




Aisha Nadeem, ਸਾਡੀ ਬੈਨਿਫਿਟ ਆਊਟਰੀਚ ਵਰਕਰ ਨੇ ਐਸੋਸੀਏਸ਼ਨ ਨਾਲ ਨਵੀਂ ਨੌਕਰੀ ਵਿੱਚ ਪ੍ਰਵੇਸ਼ ਕਰ ਲਿਆ ਹੈ। ਅਸੀਂ ਉਸਨੂੰ ਨਵੀਂ ਨੌਕਰੀ ਲਈ ਸ਼ੁਭ-ਕਾਮਨਾਵਾਂ ਦਿੰਦੇ ਹਾਂ ਅਤੇ ਉਸਦੇ ਮਿਹਨਤ ਭਰੇ ਕੰਮ ਲਈ ਧੰਨਵਾਦ ਦਿੰਦੇ ਹਾਂ ਜੋ ਉਸਨੇ ਪ੍ਰੋਜੈਕਟ ਨੂੰ ਸਫਲ ਬਣਾਉਣ ਲਈ ਕੀਤਾ ਸੀ।

## ਸਰਜ਼ਰੀ / ਜਾਣਕਾਰੀ

ਕੀ ਤੁਸੀਂ 60+ ਹੋ ਅਤੇ ਬਜ਼ੁਰਗ ਲੋਕਾਂ ਲਈ ਹਾਊਸਿੰਗ ਬਾਰੇ ਸਲਾਹ ਚਾਹੋਗੇ? ਦਿੱਤੀ ਜਾਣ ਵਾਲੀ ਸਲਾਹ ਗੁਪਤ ਹੋਵੇਗੀ, ਤੁਹਾਡੀ ਭਾਸ਼ਾ ਵਿੱਚ ਹੋਵੇਗੀ ਅਤੇ ਤੁਹਾਡੀ ਸਹੂਲੀਅਤ ਵਾਲੀ ਥਾਂ ਉਤੇ ਹੋਵੇਗੀ।

ਕਿਰਪਾ ਕਰਕੇ Rohini Sharma Joshi ਨੂੰ ਅਪਾਇੰਟਮੈਂਟ ਵਾਸਤੇ 0131 444 4950 ਤੇ ਸੰਪਰਕ ਕਰੋ।

i

ਇਹ ਸੂਚਨਾ ਪੱਤਰ **ਟਰੱਸਟ, ਹਾਨੋਵਰ (ਸਕਾਟਲੈਂਡ)** ਅਤੇ **ਬੀਲਡ ਹਾਊਸਿੰਗ ਐਸੋਸੀਏਸ਼ਨਸ,** ਦਾ ਮਿਲਵਾਂ ਪ੍ਰਕਾਸ਼ਨ ਹੈ। ਪਿਛਲੇ ਅੰਕ **www.EqualityScotland.com** ਉਤੇ ਵੇਖੇ ਜਾ ਸਕਦੇ ਹਨ। ਜੇ ਤੁਸੀਂ ਕੋਈ ਸੁਝਾਅ ਜਾਂ ਟਿੱਪਣੀ ਕਰਨਾ ਚਾਹੋ, ਜਾਂ ਜੇ ਤੁਸੀਂ ਆਪਣਾ ਸਮਾਗਮ ਜਾਂ ਪ੍ਰੋਜੈਕਟ ਪ੍ਰਕਾਸ਼ਨ ਕਰਨ ਲਈ ਦੇਣਾ ਚਾਹੋ, ਕਿਰਪਾ ਕਰਕੇ ਸੰਪਰਕ ਕਰੋ:


**Equal Opportunities Programme**
**Zakra Ali (Administration Assistant)**
**12 New Mart Road, Edinburgh EH14 1RL**
**Tel: 0131 444 4942 Fax: 0131 444 4949**
**zali@trustha.org.uk**